**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**
**ਵਿੱਦਿਆ ਭਵਨ, ਈ ਬਲਾਕ, ਪੰਜਵੀਂ ਮੰਜਿਲ, ਫੇਜ਼-8, ਐਸ ਏ ਐਸ ਨਗਰ (ਮੁਹਾਲੀ), ਪੰਜਾਬ**

ਵੱਲ

ਜਿਲ੍ਹਾ ਸਿੱਖਿਆ ਅਫਸਰ (ਸੈ ਸਿ), ਪੰਜਾਬ
ਜਿਲ੍ਹਾ ਸਿੱਖਿਆ ਅਫਸਰ (ਐ ਸਿ), ਪੰਜਾਬ
ਸਮੂਹ ਸਕੂਲ ਮੁੱਖੀ (ਸਰਕਾਰੀ, ਏਡਿਡ, ਪ੍ਰਾਈਵੇਟ, ਸੈਂਟਰਲ ਸਕੂਲ)

ਮੀਮੋ ਨੰ – 2022/ਸਸਅ/ਐਮ ਆਈ ਐਸ /ਯੂਡਾਈਸ/SP1
ਮਿਤੀ 4 ਮਈ, 2022

**ਵਿਸ਼ਾ** **ਯੂਡਾਈਸ ਸਰਵੇ 2021-22 ਸਬੰਧੀ।**

**ਹਵਾਲਾ -** 2022/ਸਸਅ/ਐਮ ਆਈ ਐਸ /ਯੂਡਾਈਸ/106948 ਮਿਤੀ - 5 ਮਈ, 2022

ਯੂਡਾਈਸ ਸਰਵੇ ਭਾਰਤ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਹਰ ਸਾਲ ਸਮੂਹ ਸਕੂਲਾਂ ਤੋਂ ਜਾਣਕਾਰੀ ਜਿਵੇਂ ਕਿ ਵਿਦਿਆਰਥੀਆਂ ਦੀ ਗਿਣਤੀ, ਅਧਿਆਪਕਾਂ ਦੀ ਜਾਣਕਾਰੀ, ਸਕੂਲ ਦਾ ਬੁਨਿਆਦੀ ਢਾਂਚਾ, ਨਤੀਜੇ ਆਦਿ ਇੱਕਤਰ ਕਰਨ ਲਈ ਕਰਵਾਇਆ ਜਾਂਦਾ ਹੈ। ਇਹ ਜਾਣਕਾਰੀ ਹਰ ਸਕੂਲ ਵਲੋਂ ਭਾਰਤ ਸਰਕਾਰ ਦੇ ਪੋਰਟਲ **https://udiseplus.gov.in** ਉੱਤੇ ਆਪਣੇ ਸਕੂਲ ਦੇ ਲਾਗਇਨ ਅਧੀਨ ਆਪ ਭਰੀ ਜਾਂਦੀ ਹੈ।

ਇਸ ਸਾਲ ਵੀ ਯੂਡਾਈਸ ਸਰਵੇ ਅਧੀਨ ਡਾਟਾ **ਸਾਲ 2021-22** ਲਈ ਸਮੂਹ ਸਕੂਲਾਂ (ਸਰਕਾਰੀ, ਏਡਿਡ, ਪ੍ਰਾਈਵੇਟ, ਸੈਂਟਰਲ ਸਕੂਲ ਆਦਿ) ਵਲੋਂ ਭਰਿਆ ਜਾਣਾ ਹੈ। ਇਸ ਸਬੰਧੀ ਪਹਿਲਾਂ ਵੀ ਪੱਤਰ ਇਸ ਦਫਤਰ ਵਲੋਂ ਜਾਰੀ ਕੀਤਾ ਜਾ ਚੁੱਕਾ ਹੈ ਅਤੇ ਡਾਟਾ ਭਰਨ ਦੀ ਆਖਰੀ ਮਿਤੀ 15-05-2022 ਦਿੱਤੀ ਗਈ ਸੀ।

ਯੂਡਾਈਸ ਸਰਵੇ 2021-22 ਦਾ ਡਾਟਾ ਆਨਲਾਈਨ ਪੋਰਟਲ https://udiseplus.gov.in ਉੱਤੇ ਭਰਨ ਦੀ ਮਿਤੀ ਵਿਚ **25-05-2022 ਤੱਕ ਵਾਧਾ ਕੀਤਾ ਜਾਂਦਾ ਹੈ**। ਜਿਲ੍ਹਾ ਸਿੱਖਿਆ ਅਫਸਰ (ਐ ਸਿ) ਅਤੇ (ਸੈ ਸਿ) ਜਿਲ੍ਹਾ ਪੱਧਰ ਉੱਤੇ ਟੀਮ ਬਣਾ ਕੇ ਇਸ ਸਰਵੇ ਨੂੰ ਮੋਨੀਟਰ ਕਰਨ ਅਤੇ ਸਕੂਲਾਂ ਤੋਂ ਇਹ ਡਾਟਾਂ ਮਿਤੀ 25-05-2022 ਤੱਕ ਹਰ ਹਾਲਤ ਵਿਚ ਭਰਵਾਇਆ ਜਾਵੇ।

ਸਹੀ/-
**ਡਾਇਰੈਕਟਰ ਜਨਰਲ ਸਕੂਲ ਸਿੱਖਿਆ,**
**ਪੰਜਾਬ**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਅਗਲੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1) ਡਾਇਰੈਕਟਰ ਸਿੱਖਿਆ ਵਿਭਾਗ (ਸੈ ਸਿ), ਪੰਜਾਬ
2) ਡਾਇਰੈਕਟਰ ਸਿੱਖਿਆ ਵਿਭਾਗ (ਐ-ਸਿ), ਪੰਜਾਬ
3) ਡਾਇਰੈਕਟਰ, ਐਸ ਸੀ ਈ ਆਰ ਟੀ, ਪੰਜਾਬ